ਭਾਵੇਂ ਤੁਸੀ ਸੂ ਸੇਂਟ ਮਾਰੀ ਦੇ ਹੁਣ ਦੇ ਨਿਵਾਸੀ ਹੋ, ਪਰਤ ਕੇ ਆਉਣ ਵਾਲੇ ਨਿਵਾਸੀ ਹੋ, ਨਵੇਂ ਆਏ ਹੋ, ਜਾਂ ਥਾਂ ਬਦਲ ਕੇ ਸੂ ਸੇਂਟ ਮਾਰੀ ਆਉਣ ਬਾਰੇ ਸੋਚ ਰਹੇ ਹੋ, ਤੁਹਾਨੂੰ ਵੈੱਬਸਾਈਟ Discoverthesault.ca ਸ਼ਹਿਰ ਵਿੱਚ ਵਿਚਰਨ ਲਈ ਜ਼ਰੂਰੀ ਅਹਿਮ ਜਾਣਕਾਰੀ ਮੁਹਈਆ ਕਰੇਗਾ ਅਤੇ ਤੁਹਾਨੂੰ ਸਾਰੀਆਂ ਸੇਵਾਵਾਂ ਨਾਲ 'ਲਿੰਕ' ਕਰੇਗਾ ਜਿਨ੍ਹਾਂ ਦੀ ਤੁਹਾਨੂੰ ਲੋੜ ਪਵੇਗੀ ਜਾਂ ਜਿਨ੍ਹਾਂ ਬਾਰੇ ਜਾਨਣ ਦੀ ਤੁਹਾਡੀ ਇੱਛਾ ਹੈ ਤਾਂ ਜੋ ਸੂ ਸੇਂਟ ਮਾਰੀ ਸਹੀ ਅਰਥਾਂ ਵਿੱਚ ਤੁਹਾਡਾ ਘਰ ਬਣ ਸਕੇ।

ਸ਼ਹਿਰ ਵੱਲੋਂ ਪੇਸ਼ ਕੀਤੀ ਜਾਂਦੀ ਵੈੱਬਸਾਈਟ Discoverthesault.ca ਤੁਹਾਨੂੰ ਹਰ ਇੱਕ ਚੀਜ਼ ਨੂੰ ਲੱਭਣ ਅਤੇ ਉਸ ਨਾਲ 'ਲਿੰਕ' ਕਰਨ ਦੀ ਸਮਰੱਥਾ ਮੁਹਈਆ ਕਰਦੀ ਹੈ: ਸਰਕਾਰੀ ਅਤੇ ਸੋਸ਼ਲ ਸੇਵਾਵਾਂ ਅਤੇ ਸਰੋਤਾਂ ਤੋਂ ਲੈ ਕੇ, ਕਲਾ ਅਤੇ ਸਭਿਆਚਾਰ, ਵਿੱਦਿਆ, ਰੁਜ਼ਗਾਰ, ਬਿਜ਼ਨਸ ਸਰੋਤ, ਅਤੇ ਹੋਰ ਕਈ ਕੁਝ ਤੱਕ।

ਸੂ ਸੇਂਟ ਮਾਰੀ ਸਚਮੁੱਚ ਇੱਕ ਅੰਤਰਰਾਸ਼ਟਰੀ ਸ਼ਹਿਰ ਹੈ ਜਿਸ ਦਾ ਆਰੰਭ ਮੂਲ ਨਿਵਾਸੀਆਂ (ਫ਼ਰਸਟ ਨੇਸ਼ਨਜ਼) ਦੇ ਮਿਲਣ-ਥਾਂ ਵਜੋਂ ਹੋਇਆ। ਕਿਹਾ ਜਾਂਦਾ ਹੈ ਕਿ ਐਤੀਐਨ ਬਰਿਊਲੇ ਇਸ ਇਲਾਕੇ ਨੂੰ ਲੱਭਣ ਵਾਲਾ ਪਹਿਲਾ ਫ਼੍ਰਾਂਸੀਸੀ ਖੋਜੀ ਸੀ। ਇਸ ਤੋਂ ਅਗਲੀ ਸਦੀ ਵਿੱਚ ਜਾਨਵਰੀ ਜੱਤਾਂ ਦਾ ਵਪਾਰ ਪ੍ਰਫੁੱਲਤ ਹੋਇਆ ਜਿਸ ਨੇ ਪਹਿਲਾਂ ਫ਼੍ਰਾਂਸੀਸੀ, ਅਤੇ ਫੇਰ ਬਰਤਾਨਵੀ ਵਪਾਰੀ ਏਥੇ ਲਿਆਂਦੇ।

1894 ਵਿੱਚ ਅਮਰੀਕੀ ਉੱਦਮੀ ਫ਼੍ਰਾਂਸਿਸ ਐਚ.ਕਲੈਰਗ ਆਇਆ ਅਤੇ ਸ਼ਹਿਰ ਵਿੱਚ ਸਨਅਤੀਕਰਨ ਦਾ ਦੌਰ ਸ਼ੁਰੂ ਹੋਇਆ। ਕਲੈਰਗ ਨੇ ਬਿਜਲੀ ਦਾ ਸਥਾਨਕ ਪਲਾਂਟ ਖਰੀਦ ਲਿਆ ਅਤੇ ਕਈ ਉੱਘੀਆਂ ਸਨਅਤਾਂ ਦਾ ਵਿਕਾਸ ਕੀਤਾ, ਜਿਨ੍ਹਾਂ ਵਿੱਚ ਸ਼ਾਮਲ ਸਨ: ਕਾਗਜ਼ ਦੀ ਮਿੱਲ, ਚਿਰਾਈ (ਲੰਬਰ) ਕਾਰਖਾਨਾ, ਖਣਿਜ-ਖੁਦਾਈ ਕੰਪਨੀ, ਸਟੀਲ ਦਾ ਪਲਾਂਟ, ਸੜਕ ਰੇਲ, ਅੰਦਰੂਨੀ ਰੇਲ ਲਾਈਨ ਅਤੇ ਇੱਕ ਜਹਾਜ਼ੀ ਕੰਪਨੀ ।

ਜੰਗ ਤੋਂ ਬਾਅਦ ਦੇ ਸਾਲਾਂ ਵਿੱਚ ਯੂਰਪੀ ਇਮੀਗ੍ਰੈਂਟਾਂ ਦੀ ਭਾਰੀ ਆਮਦ ਨਾਲ, ਅਤੇ ਉਨ੍ਹਾਂ ਦੇ ਹੁਨਰ ਅਤੇ ਕੋਸ਼ਿਸ਼ਾਂ ਦੇ ਸਿੱਧੇ ਸਿੱਟੇ ਵਜੋਂ, ਪਿਛਲੀ ਸਾਰੀ ਸਦੀ ਸੂ ਸੇਂਟ ਮਾਰੀ ਦਾ ਪ੍ਰਫੁੱਲਤ ਹੋਣਾ ਜਾਰੀ ਰਿਹਾ।

ਅੱਜ, ਦੱਖਣੀ ਅਮਰੀਕਾ ਅਤੇ ਦੱਖਣ ਪੂਰਬੀ ਏਸ਼ੀਆ ਤੋਂ ਵਧੇਰੀ ਹਾਲੀਆ ਆਮਦ ਰਾਹੀਂ ਇਹ ਵਿਕਾਸ ਹੋਣਾ ਜਾਰੀ ਹੈ।

2006 ਵਿੱਚ ਸਟੈਟਿਸਟਿਕਸ ਕੈਨੇਡਾ ਵੱਲੋਂ ਕੀਤੀ ਗਈ ਜਨਗਣਨਾ ਤੋਂ ਪਤਾ ਲੱਗਦਾ ਹੈ ਕਿ ਸੂ ਸੇਂਟ ਮਾਰੀ ਦੀ ਜਨਸੰਖਿਆ ਦਾ ਤਕਰੀਬਨ 11% ਵਿਦੇਸ਼ਾਂ ਦੀ ਪੈਦਾਇਸ਼ ਹੈ। ਬਹੁਤੀਆਂ ਕਨੇਡੀਅਨ ਕਮਿਊਨਿਟੀਆਂ ਵਾਂਗ, ਇਸ ਸ਼ਹਿਰ ਨੇ ਨਿਸ਼ਾਨਦੇਹੀ ਕੀਤੀ ਹੈ ਕਿ ਭਵਿੱਖ ਵਿੱਚ ਸੂ ਸੇਂਟ ਮਾਰੀ ਦੀ ਜਨਤਾ ਅਤੇ ਆਰਥਕਤਾ ਦੀ ਕਾਇਮੀ ਅਤੇ ਵਿਕਾਸ ਲਈ ਨਿਪੁੰਨ ਕਾਮਿਆਂ ਅਤੇ ਕਨੇਡਾ ਵਿੱਚ ਨਵੇਂ ਆਉਣ ਵਾਲੇ ਲੋਕਾਂ ਦੀ ਭੂਮਿਕਾ ਮੁੱਖ ਹੋਵੇਗੀ।

ਇਸ ਕਾਰਨ, ਸਿਲਸਿਲੇਵਾਰ ਸਿਟੀ ਕੌਂਸਲਾਂ ਨੇ ਅੰਤਰਰਾਸ਼ਟਰੀ ਪਹੁੰਚ ਲਈ ਪਹਿਲ ਕਦਮੀਆਂ ਕੀਤੀਆਂ ਹਨ, ਇਸ ਆਸ ਨਾਲ ਕਿ ਇਨ੍ਹਾਂ ਰਾਹੀਂ ਸੂ ਸੇਂਟ ਮਾਰੀ ਦੀ ਜਨਸੰਖਿਆ ਦੀ ਕਾਇਮੀ ਅਤੇ ਸਥਾਨਕ ਆਰਥਕਤਾ ਦੇ ਵਿਕਾਸ ਅਤੇ ਨਿਵੇਸ਼ ਵਿੱਚ ਚੋਖਾ ਲਾਭ ਹੋਵੇਗਾ।

ਏਸੇ ਤਰ੍ਹਾਂ, ਸਥਾਨਕ ਸਨਅਤ, ਸੈਕੰਡਰੀ ਤੋਂ ਬਾਦ ਦੀਆਂ ਅਤੇ ਹੋਰ ਸੰਸਥਾਵਾਂ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਨਿਪੁੰਨ ਕਾਮਿਆਂ ਵੱਲ ਨਿਸ਼ਾਨਾ-ਕੇਂਦ੍ਰਿਤ ਮੁਹਿੰਮਾਂ ਰਾਹੀਂ ਕਨੇਡਾ ਤੋਂ ਬਾਹਰ ਤੱਕ ਪਹੁੰਚ ਜਾਰੀ ਰੱਖੀ ਹੈ।

ਆਪਣਾ ਘਰ ਛੱਡ ਕੇ ਇੱਕ ਨਵੇਂ ਦੇਸ ਵਿੱਚ ਵੱਸਣਾ ਬਹੁਤ ਵੱਡਾ ਕਦਮ ਹੈ। ਸੋਸ਼ਲ ਇੰਸ਼ੋਰੈਂਸ ਨੰਬਰ ਕਿਵੇਂ ਲਿਆ ਜਾਵੇ, ਡਰਾਈਵਰ ਦਾ ਲਾਇਸੈਂਸ ਕਿਵੇਂ ਲਿਆ ਜਾਵੇ, ਵਿਦਿਅਕ ਸਿਸਟਮ ਕਿਵੇਂ ਕੰਮ ਕਰਦਾ ਹੈ ਵਰਗੀ ਮੁਢਲੀ ਜਾਣਕਾਰੀ ਨਵੇਂ ਆਇਆਂ ਦੇ ਸਫਲਤਾ ਨਾਲ ਵੱਸਣ ਅਤੇ ਰਚਣ ਦੀ ਕੁੰਜੀ ਹੈ।

ਓਂਟੈਰੀਓ ਦੇ ਨਾਗਰਿਕਤਾ ਅਤੇ ਪਰਵਾਸ ਮੰਤਰਾਲੇ (ਮਿਨਿਸਟ੍ਰੀ ਔਵ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ) ਕੋਲੋਂ ਮਿਲੀ ਪ੍ਰਾਜੈਕਟ ਧਨ ਰਾਸ਼ੀ ਨਾਲ ਇਮੀਗ੍ਰੇਸ਼ਨ ਬਾਰੇ ਇੱਕ ਵੈੱਬ ਪੋਰਟਲ ਤਿਆਰ ਕੀਤਾ ਗਿਆ ਹੈ। ਸਰਕਾਰ ਅਤੇ ਸੋਸ਼ਲ ਸੇਵਾਵਾਂ ਤੋਂ ਲੈ ਕੇ ਕਲਾ ਅਤੇ ਸਭਿਆਚਾਰ ਤੱਕ ਦੀ ਜਾਣਕਾਰੀ ਨੂੰ Discoverthesault.ca ਵੈੱਬਸਾਈਟ ਇੱਕੋ ਥਾਂ 'ਤੇ ਪਹੁੰਚ ਮੁਹਈਆ ਕਰਦਾ ਹੈ।

Discoverthesault.ca ਸੂ ਸੇਂਟ ਮਾਰੀ ਨੂੰ ਰਹਿਣ, ਕੰਮ ਕਰਨ ਅਤੇ ਆਨੰਦ ਲੈਣ ਵਾਸਤੇ ਉੱਤਮ ਥਾਂ ਵਜੋਂ ਪਰਚਾਰਦਾ ਹੈ ਅਤੇ ਨਾਲ ਹੀ ਨਵੇਂ ਆਇਆਂ ਨੂੰ ਉਨ੍ਹਾਂ ਦੀ ਲੋੜ ਦੀ ਅਮਲੀ ਜਾਣਕਾਰੀ ਦਿੰਦਾ ਹੈ।

Discoverthesault.ca ਦੇ ਸ਼ੁਰੂ ਕੀਤੇ ਜਾਣ ਤੋਂ ਬਾਅਦ ਇਸ ਵੈੱਬਸਾਈਟ ਨੂੰ 90 ਤੋਂ ਵੱਧ ਦੇਸ਼ਾਂ/ਖੇਤਰਾਂ ਦੇ ਲੋਕਾਂ ਨੇ ਦੇਖਿਆ ਹੈ। ਕਨੇਡਾ ਦੀਆਂ ਅੰਦਰੂਨੀ ਹਿੱਟਾਂ ਤੋਂ ਬਾਅਦ, ਇਸ ਨੂੰ ਸਭ ਤੋਂ ਵੱਧ ਦੇਖਣ ਵਾਲੇ ਸ੍ਰੀ ਲੰਕਾ ਤੋਂ ਹਨ ਅਤੇ ਇਸ ਤੋਂ ਮਗਰੋਂ ਯੂਨਾਈਟਿਡ ਸਟੇਟਸ, ਫ੍ਰਾਂਸ, ਯੂਨਾਈਟਿਡ ਕਿੰਗਡਮ ਅਤੇ ਫਿਲੀਪੀਨ ਤੋਂ।

ਇਸ ਪ੍ਰਾਜੈਕਟ ਦੇ ਦੂਜੇ ਪੜਾਅ ਵਿੱਚ ਸਾਈਟ ਨੂੰ ਫ਼੍ਰਾਂਸੀਸੀ, ਚੀਨੀ, ਹਿੰਦੀ, ਕੋਰੀਅਨ ਅਤੇ ਸਪੇਨੀ ਵਿੱਚ ਪੂਰੀ ਤਰ੍ਹਾਂ ਦੇਖਿਆ ਜਾ ਸਕੇਗਾ।

ਸੂ ਸੇਂਟ ਮਾਰੀ ਦੀ ਕਮਿਊਨਿਟੀ ਨੂੰ ਉਨ੍ਹਾਂ ਲੋਕਾਂ ਦੀਆਂ ਰਵਾਇਤਾਂ, ਸਭਿਆਚਾਰ ਅਤੇ ਸਾਧਨ ਸੰਪੰਨਤਾ ਅਮੀਰ ਕਰਦੇ ਹਨ, ਜਿਨ੍ਹਾਂ ਨੇ ਏਥੇ ਆ ਕੇ ਵੱਸਣ ਦੀ ਚੋਣ ਕੀਤੀ ਹੈ।